www.prepp.in

Prepp
Your Personal Exams Guide

# UGC NET Paper 2 June 27, 2010 Shift 1 Punjabi Question Paper

**Signature and Name of Invigilator**

1. (Signature) ____________________________
   (Name) ____________________________
2. (Signature) ____________________________
   (Name) ____________________________

OMR Sheet No. : ....................................
(To be filled by the Candidate)

Roll No. | | | | | | | |
(In figures as per admission card)

Roll No.______________________________
(In words)

**J 2 4 1 0**

**Test Booklet No.**

Time : 1 $^1/_4$ hours] **PAPER-II** [Maximum Marks : **100**

**PUNJABI**

| Number of Pages in this Booklet : **12** | Number of Questions in this Booklet : **50** |
|---|---|

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered in the OMR Sheet and the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the oval as indicated below on the correct response against each item.
   **Example :** (A) (B) ⬤ (D)
   where (C) is the correct response.
5. Your responses to the items are to be indicated in the **Answer Sheet given inside the Paper I Booklet only.** If you mark at any place other than in the ovals in the Answer Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your name or put any mark on any part of the test booklet, except for the space allotted for the relevant entries, which may disclose your identity, you will render yourself liable to disqualification.
9. You have to return the test question booklet and OMR Answer sheet to the invigilators at the end of the examination compulsorily and must not carry it with you outside the Examination Hall.
10. **Use only Blue/Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. पहले पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचास बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे जिसकी जाँच आपको अवश्य करनी है :
   (i) प्रश्न-पुस्तिका खोलने के लिए उसके कवर पेज पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद प्रश्न-पुस्तिका की क्रम संख्या OMR पत्रक पर अंकित करें और OMR पत्रक की क्रम संख्या इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं । आपको सही उत्तर के दीर्घवृत्त को पेन से भरकर काला करना है जैसा कि नीचे दिखाया गया है ।
   **उदाहरण :** (A) (B) ⬤ (D)
   जबकि (C) सही उत्तर है ।
5. प्रश्नों के उत्तर **केवल प्रश्न पत्र I के अन्दर दिये गये उत्तर-पत्रक पर ही** अंकित करने हैं । यदि आप उत्तर पत्रक पर दिये गये दीर्घवृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप उत्तर-पुस्तिका पर अपना नाम या ऐसा कोई भी निशान जिससे आपकी पहचान हो सके, किसी भी भाग पर दर्शाते या अंकित करते हैं तो परीक्षा के लिये अयोग्य घोषित कर दिये जायेंगे ।
9. आपको परीक्षा समाप्त होने पर प्रश्न-पुस्तिका एवं OMR उत्तर-पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें ।
10. **केवल नीले/काले बाल प्वाईंट पैन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई अंक काटे नहीं जाएँगे ।**

www.prepp.in

Prepp
Your Personal Exams Guide

**PUNJABI**

**ਪੰਜਾਬੀ**

**Paper-II**

**ਪ੍ਰਸ਼ਨ ਪੱਤਰ-II**

**Note :** This paper contains **fifty (50)** objectives type questions, each question carrying **two (2)** marks. Attempt all the questions.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **50** ਬਹੁ-ਵਿਕਲਪੀ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ ।

**1.** ਭਾਸ਼ਾ ਦੇ ਸੰਚਾਰ ਕਾਰਜ ਹਨ

(A) ਭਾਵਨਾ, ਆਗਿਆ, ਮਾਨਸਿਕ

(B) ਸਮਾਜਕ, ਸੰਕੇਤਕ, ਭੌਤਿਕ

(C) ਪਰਾ-ਭਾਸ਼ਾਈ, ਭਾਵੁਕ, ਸੰਚਾਰ

(D) ਸੰਕੇਤਕ, ਕਾਵਿਕ, ਪਰਾ-ਭਾਸ਼ਾਈ

**2.** ਭਾਸ਼ਾ ਦੀ ਵਿਸ਼ੇਸ਼ਤਾ ਹੈ

(A) ਸੰਚਾਰ, ਉਚਾਰ, ਅਪਰੰਪਰਾਗਤ

(B) ਆਪਹੁਦਰੀ, ਸਿਸਟਮਬੱਧ, ਪਰੰਪਰਾਗਤ

(C) ਪ੍ਰਤੀਕਾਤਮਕ, ਸਿਸਟਮੀ, ਸੰਸਕਾਰਮੂਲਕ

(D) ਪਰਿਵਰਤਨਸ਼ੀਲ, ਜਟਿਲ, ਸੀਮਤ

**3.** ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਹੈ

(A) ਧੁਨੀ

(B) ਧੁਨੀ ਬਿੰਬ

(C) ਧੁਨੀਮ

(D) ਧੁਨੀ ਚਿੰਨ

**4.** ਨੌਮ ਚੌਮਸਕੀ ਦੇ ਭਾਸ਼ਾ ਸੰਕਲਪ ਹਨ

(A) ਭਾਸ਼ਾ ਯੋਗਤਾ ਅਤੇ ਭਾਸ਼ਾ ਨਿਭਾਉ

(B) ਭਾਸ਼ਾ ਯੋਗਤਾ ਅਤੇ ਸਾਹਿਤ ਯੋਗਤਾ

(C) ਗਤੀਸ਼ੀਲ ਅਤੇ ਗਤੀ ਰਹਿਤ ਭਾਸ਼ਾ ਰੂਪ

(D) ਅਮੂਰਤ ਅਤੇ ਸਮੂਰਤ ਭਾਸ਼ਾ ਰੂਪ

**5.**

| | **ਸੂਚਿ-I** | | **ਸੂਚੀ-II** |
|---|---|---|---|
| (a) | ਪੰਜਾਬੀ ਭਾਸ਼ਾ ਦਾ ਵਿਆਕਰਣ | 1. | ਜੁਗਿੰਦਰ ਸਿੰਘ ਪੁਆਰ |
| (b) | ਭਾਸ਼ਾ ਵਿਗਿਆਨ : ਸੰਕਲਪ ਤੇ ਦਿਸ਼ਾਵਾਂ | 2. | ਦੁਨੀ ਚੰਦਰ |
| (c) | Theoretical Linguistics | 3. | F.D. Saussure |
| (d) | Course in General Linguistics | 4. | John Lyons |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | (a) | (b) | (c) | (d) |
|---|---|---|---|---|
| (A) | 3 | 2 | 1 | 4 |
| (B) | 4 | 3 | 2 | 1 |
| (C) | 2 | 1 | 4 | 3 |
| (D) | 1 | 4 | 3 | 2 |

6. ਚਿਹਨਕ ਅਤੇ ਚਿਹਨਿਤ ਦਾ ਸੰਬੰਧ ਹੈ

(A) ਕੁਦਰਤੀ (B) ਆਪਹੁਦਰਾ

(C) ਸੁਮੇਲਮਈ (D) ਸਾਰਥਕ

7. ਸਘੋਸ਼ ਅਲਪ-ਪ੍ਰਾਣ ਵਿਅੰਜਨ ਹਨ

(A) ਬ, ਦ, ਡ, ਜ

(B) ਤ, ਚ, ਕ, ਪ

(C) ਛ, ਠ, ਖ, ਫ

(D) ਥ, ਚ, ਠ, ਖ

8. ਗੁਰਮੁਖੀ ਦੇ ੳ ਅ ੲ ਹਨ

(A) ਮੂਲ ਸਵਰ

(B) ਵਿਅੰਜਨ

(C) ਅਰਧ ਸਵਰ

(D) ਸਵਰ ਵਾਹਕ

9. ਭਾਰਤ-ਯੂਰਪੀ ਪਰਿਵਾਰ ਦੀ ਸ਼ਾਖਾ ਹੈ

(A) ਸਾਮੀ ਭਾਸ਼ਾ ਪਰਿਵਾਰ

(B) ਦਰਾਵੜੀ ਭਾਸ਼ਾ ਪਰਿਵਾਰ

(C) ਭਾਰਤੀ ਆਰਿਆਈ ਭਾਸ਼ਾ ਪਰਿਵਾਰ

(D) ਹਾਮੀ ਭਾਸ਼ਾ ਪਰਿਵਾਰ

10. **ਕਥਨ A :** ਪੰਜਾਬੀ ਭਾਸ਼ਾ ਵਿਚ ਸੁਰ ਦਾ ਬਹੁਤ ਮਹੱਤਵ ਹੈ । ਸੁਰ ਦੇ ਕਾਰਨ ਹੀ ਪੰਜਾਬੀ ਬਾਸ਼ਾ ਨੂੰ ਸੁਰ-ਭਾਸ਼ਾ ਜਾਂ ਸੁਰਾਤਮਕ ਭਾਸ਼ਾ ਕਿਹਾ ਜਾਂਦਾ ਹੈ ।

**ਕਾਰਨ R :** ਭਾਰਤ ਦੀਆਂ ਸਾਰੀਆਂ ਆਰਿਆਈ ਭਾਸ਼ਾਵਾਂ ਵਿਚੋਂ ਪੰਜਾਬੀ ਹੀ ਇਕ ਅਜਿਹੀ ਭਾਸ਼ਾ ਹੈ, ਜਿਸ ਵਿਚ ਸੁਰ ਦੀ ਵਰਤੋਂ ਹੁੰਦੀ ਹੈ । ਅਸਲ ਵਿਚ ਸੁਰ ਹੀ ਪੰਜਾਬੀ ਭਾਸ਼ਾ ਦਾ ਪਛਾਣ-ਚਿੰਨ੍ਹ ਹੈ । ਪੰਜਾਬੀ ਭਾਸ਼ਾ ਨੂੰ ਬਾਕੀ ਭਾਸ਼ਾਵਾਂ ਨਾਲੋਂ ਨਿਖੇੜਨ ਵਾਲੀ ਜੇ ਕੋਈ ਇਕੋ ਇਕ ਭਾਸ਼ਾਈ ਨਿਸ਼ਾਨੀ ਹੈ ਤਾਂ ਉਹ 'ਸੁਰ' ਹੈ ।

(A) A ਸਹੀ ਹੈ ਅਤੇ R ਗਲਤ ਹੈ ।

(B) A ਅਤੇ R ਦੋਵੇਂ ਸਹੀ ਹਨ ।

(C) A ਗਲਤ ਹੈ ਅਤੇ R ਅੰਸ਼ਿਕ ਸਹੀ ਹੈ ।

(D) A ਅਤੇ R ਦੋਵੇਂ ਗਲਤ ਹਨ ।

11.

| | **ਸੂਚੀ-I** | | **ਸੂਚੀ-II** |
|---|---|---|---|
| (a) | ਮਾਝੀ | 1. | ਰੋਪੜ |
| (b) | ਮਲਵਈ | 2. | ਫਗਵਾੜਾ |
| (c) | ਦੁਆਬੀ | 3. | ਬਠਿੰਡਾ |
| (d) | ਪੁਆਧੀ | 4. | ਗੁਰਦਾਸਪੁਰ |

ਉਪਰੋਕਤ ਦਾ ਸਹੀ ਕ੍ਰਮ ਕੀ ਹੈ ?

| | (a) | (b) | (c) | (d) |
|---|---|---|---|---|
| (A) | 4 | 3 | 2 | 1 |
| (B) | 2 | 4 | 1 | 3 |
| (C) | 1 | 2 | 3 | 4 |
| (D) | 3 | 1 | 4 | 2 |

12. 'ਗਿਆਨੀ' ਸ਼ਬਦ ਅਰਥ ਪਰਿਵਰਤਨ ਦੀ ਕਿਸ ਦਿਸ਼ਾ ਦਾ ਸੂਚਕ ਹੈ ?
    (A) ਅਰਥ ਅਪਕਰਸ਼
    (B) ਅਰਥ ਵਿਆਪਕਤਾ
    (C) ਅਰਥ ਉਤਕਰਸ਼
    (D) ਅਰਥ ਸੰਕੋਚ

13. ਸੰਯੁਕਤ ਵਾਕ ਹੁੰਦਾ ਹੈ
    (A) ਸਮਾਨ ਤੇ ਅਧੀਨ ਵਾਕਾਂ ਦਾ ਜੋੜ
    (B) ਦੋ ਵਾਕੰਸ਼ਾਂ ਦਾ ਜੋੜ
    (C) ਸਮਾਨ ਉਪ-ਵਾਕਾਂ ਦਾ ਜੋੜ
    (D) ਦੋ ਅਧੀਨ ਉਪ-ਵਾਕਾਂ ਦਾ ਜੋੜ

14. ਕੁੜੀਆਂ ਨੇ ਪੀਂਘ ਝੂਟੀ ਵਿਚ 'ਕੁੜੀਆਂ' ਦਾ ਰੂਪ ਹੈ
    (A) ਇਕ ਵਚਨ ਕਰਤਾ ਕਾਰਕ
    (B) ਬਹੁ ਵਚਨ ਕਰਤਾ ਕਾਰਕ
    (C) ਬਹੁ ਵਚਨ ਕਰਮ ਕਾਰਕ
    (D) ਇਕ ਵਚਨ ਕਰਮ ਕਾਰਕ

15. ਪੰਜਾਬੀ ਵਿਚ ਕਿਹੜੀ ਧੁਨੀ ਸ਼ਬਦ ਦੇ ਅੰਤ ਉਪਰ ਨਹੀਂ ਆਉਂਦੀ
    (A) ਦੀਰਘ ਸਵਰ
    (B) ਡੱਕਵਾਂ ਵਿਅੰਜਨ
    (C) ਨਾਸਕੀ ਵਿਅੰਜਨ
    (D) ਲਘੂ ਸਵਰ

16. ਕਿਹੜਾ ਜੁੱਟ ਸਹੀ ਨਹੀਂ ਹੈ
    (A) ਲੈਂਗ ਅਤੇ ਪੈਰੋਲ : ਸੋਸਿਊਰ
    (B) ਵਿਹਾਰ ਅਤੇ ਪ੍ਰਤਿਮਾਨ : ਯਲਮਸਲੇਵ
    (C) ਇਕਾਲਕ ਅਤੇ ਦੁਕਾਲਕ : ਰੋਮਨ ਜੈਕਬਸਨ
    (D) ਯੋਗਤਾ ਅਤੇ ਨਿਭਾਉ : ਨੌਮ ਚੌਮਸਕੀ

17. 'ਸਾਹਿਤ ਵਿਗਿਆਨ' ਪਦ ਦਾ ਪ੍ਰਚਲਨ ਮੁਖ ਰੂਪ ਵਿਚ ਕਿਸ ਨੇ ਕੀਤਾ ?
    (A) ਸੰਰਚਨਾਵਾਦੀਆਂ ਨੇ
    (B) ਰੂਸੀ ਰੂਪਵਾਦੀਆਂ ਨੇ
    (C) ਮਾਰਕਸਵਾਦੀਆਂ ਨੇ
    (D) ਉੱਤਰ-ਸੰਰਚਨਾਵਾਦੀਆਂ ਨੇ

18. ਪੰਜਾਬੀ ਦੇ 'ਕਾਫ਼ੀ' ਰੂਪ ਦਾ ਸੰਬੰਧ ਕਿਸ ਨਾਲ ਹੈ ?
    (A) ਸਾਹਿਤ ਅਤੇ ਸੰਗੀਤ ਨਾਲ
    (B) ਨਿਰੋਲ ਸਾਹਿਤ ਨਾਲ
    (C) ਨਿਰੋਲ ਸੰਗੀਤ ਨਾਲ
    (D) ਰਾਗ-ਰਾਗਣੀ ਨਾਲ

19. 'ਬਚਿਤਰ ਨਾਟਕ' ਕਿਸ ਸਾਹਿਤ ਰੂਪ ਵਿਚ ਆਉਂਦਾ ਹੈ ?
    (A) ਜੀਵਨੀ (B) ਸਵੈ ਜੀਵਨੀ
    (C) ਡਾਇਰੀ (D) ਸੰਸਮਰਣ

Prepp
Your Personal Exams Guide

20. ਕਿਹੜਾ ਜੁੱਟ ਸਹੀ ਨਹੀਂ ਹੈ
(A) ਵਸਤੂ ਨਿਰਦੇਸ਼ : ਸੀਹਰਫੀ
(B) ਇਸ਼ਕ ਮਿਜਾਜ਼ੀ : ਕਿੱਸਾ
(C) ਇਸ਼ਕ ਹਕੀਕੀ : ਕਾਫ਼ੀ
(D) ਰੁੱਤ ਵਰਣਨ : ਬਾਰਾਮਾਂਹ

21. ਰੂਪਕ ਦੀ ਮੁੱਖ ਪਛਾਣ ਹੈ
(A) ਉਪਮੇਯ ਤੇ ਉਪਮਾਨ ਦਾ ਅੱਡਰਾਪਣ
(B) ਵਾਚਕ ਸ਼ਬਦ ਦੀ ਵਰਤੋਂ
(C) ਸਾਂਝੇ ਧਰਮ ਦੀ ਹੋਂਦ
(D) ਉਪਮੇਯ ਤੇ ਉਪਮਾਨ ਦੀ ਅਭੇਦਤਾ

22. **ਕਥਨ A :** ਪੰਜਾਬੀ ਦੇ ਵਾਰਤਕ ਰੂਪ ਜਿਵੇਂ ਕਿ ਨਿਬੰਧ, ਜੀਵਨੀ, ਰੇਖਾ ਚਿਤਰ ਅਤੇ ਸਫ਼ਰਨਾਮਾ ਆਦਿ ਇਸ ਦੇ ਕਾਵਿ-ਰੂਪਾਂ ਜਿਵੇਂ ਗੀਤ, ਗ਼ਜ਼ਲ, ਖੁੱਲੀ ਕਵਿਤਾ ਆਦਿ ਨਾਲੋਂ ਵਧੇਰੇ ਵਿਕਸਿਤ ਹੋਏ ਹਨ । ਵਾਰਤਕ ਰੂਪਾਂ ਵਿਚ ਲੇਖਕ ਸੰਖੇਪ ਰਹਿੰਦੇ ਹੋਏ ਵਧ ਤੋਂ ਵਧ ਪ੍ਰਭਾਵ ਪਾ ਸਕਦਾ ਹੈ ।

**ਕਾਰਨ R :** ਅਜੋਕੇ ਤਣਾਉ ਭਰੇ ਜੀਵਨ ਵਿਚ ਵਿਹਲ ਦੀ ਘਾਟ ਹੋਣ ਕਰਕੇ ਲੰਬੇ ਸਾਹਿਤ ਰੂਪਾਂ ਦੀ ਥਾਂ ਲਘੂ ਸਾਹਿਤ ਰੂਪਾਂ ਨੇ ਲੈ ਲਈ ਹੈ । ਪਰ ਫਿਰ ਵੀ ਦੀਰਘ ਸਾਹਿਤ ਰੂਪ ਪਹਿਲਾਂ ਵਾਂਗ ਹੀ ਪ੍ਰਚਲਿਤ ਹਨ ।

(A) A ਆਂਸ਼ਿਕ ਸਹੀ ਹੈ, R ਪੂਰਾ ਸਹੀ ਹੈ ।
(B) A ਸਹੀ ਹੈਂ, R ਗਲਤ ਹੈ ।
(C) A ਗਲਤ ਹੈ, R ਆਂਸ਼ਿਕ ਸਹੀ ਹੈ ।
(D) A ਪੂਰਾ ਸਹੀ ਹੈ, R ਆਂਸ਼ਿਕ ਸਹੀ ਹੈ ।

23. ਕਿਹੜਾ ਕਾਵਿ-ਰੂਪ ਪ੍ਰਗੀਤ ਦੀ ਪ੍ਰਕਿਰਤੀ ਨਾਲ ਮੇਲ ਖਾਂਦਾ ਹੈ
(A) ਪ੍ਰਬੰਧ ਕਾਵਿ (B) ਖੰਡ ਕਾਵਿ
(C) ਮੁਕਤਕ ਕਾਵਿ (D) ਸ਼੍ਰਵ ਕਾਵਿ

24. ਰਸ ਸਿਧਾਂਤ ਦੀ ਸਥਾਪਨਾ ਦਾ ਸੰਬੰਧ ਹੈ
(A) ਅਭਿਧਾ. ਲਕਸ਼ਣਾ, ਵਿਅੰਜਨਾ
(B) ਵਿਭਾਵ, ਅਨੁਭਾਵ, ਸੰਚਾਰੀ ਭਾਵ
(C) ਸਤਯਮ, ਸ਼ਿਵਮ, ਸੁੰਦਰਮ
(D) ਵਕ੍ਰੋਕਤੀ, ਰੀਤੀ, ਔਚਿਤਯ

25.

| **ਸੂਚੀ-I** | **ਸੂਚੀ-II** |
|---|---|
| (a) ਪਲੈਟੋ, ਅਰਸਤੂ, ਲੌਂਜਾਈਨਸ | 1. ਮਨੋਵਿਗਿਆਨਕ ਆਲੋਚਨਾ |
| (b) ਫਰਾਇਡ, ਯੁੰਗ, ਲਾਕਾਂ | 2. ਸੰਰਚਨਾਵਾਦੀ ਆਲੋਚਨਾ |
| (c) ਪਲੈਖਾਨੋਵ, ਕਾਡਵੈੱਲ, ਟੈਰੀ ਈਗਲਟਨ | 3. ਸਨਾਤਨੀ ਆਲੋਚਨਾ |
| (d) ਰੋਲਾਂ ਬਾਰਤ, ਤੋਦੋਰੋਵ, ਲੇਵੀ, ਸਤਰਾਸ | 4. ਮਾਰਕਸਵਾਦੀ ਆਲੋਚਨਾ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | (a) | (b) | (c) | (d) |
|---|---|---|---|---|
| (A) | 4 | 2 | 1 | 3 |
| (B) | 1 | 3 | 2 | 4 |
| (C) | 2 | 4 | 3 | 1 |
| (D) | 3 | 1 | 4 | 2 |

26. **ਕਥਨ A :** ਭਾਰਤੀ ਕਾਵਿ-ਸ਼ਾਸਤਰ ਵਿਚ ਕਾਵਿ ਦੀ ਪ੍ਰਕਿਰਤੀ, ਕਾਵਿ ਦੇ ਭੇਦ, ਕਾਵਿ-ਹੇਤੂ, ਕਾਵਿ ਪ੍ਰਯੋਜਨ, ਕਾਵਿ-ਭਾਸ਼ਾ ਅਤੇ ਕਾਵਿ-ਸ਼ਿਲਪ ਦਾ ਗੀਭੀਰ ਅਤੇ ਵਿਵਸਥਿਤ ਵਿਵੇਚਨ ਹੋਇਆ ਹੈ । ਇਸ ਤੋ ਇਲਾਵਾ ਕਾਵਿ ਦੀ ਆਤਮਾ ਨਾਲ ਸੰਬੰਧਤ ਕਈ ਸਿਧਾਂਤ ਪ੍ਰਤਿਪਾਦਤ ਹੋਏ ਹਨ ।

**ਕਾਰਨ R :** ਪਰ ਭਾਰਤੀ ਕਾਵਿ-ਸ਼ਾਸ਼ਤਰ ਵਿਚ ਕਾਵਿ ਦੇ ਸ਼ਿਲਪ ਅਤੇ ਆਤਮ ਪੱਖਾਂ ਨਾਲੋਂ ਉਸਦੇ ਵਸਤੂਵਾਦੀ ਪੱਖਾਂ ਜਿਹਾ ਕਿ ਪ੍ਰਕਿਰਤੀ, ਪ੍ਰਭਾਵ ਅਤੇ ਕਾਵਿ ਪ੍ਰਯੋਜਨ ਆਦਿ ਉਪਰ ਵਧੇਰੇ ਵਿਵੇਚਨ ਮਿਲਦਾ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) A ਆਂਸ਼ਿਕ ਤੌਰ ਤੇ ਸਹੀ ਹੈ, R ਗਲਤ ਹੈ ।

(B) A ਗਲਤ ਹੈ, R ਆਂਸ਼ਿਕ ਤੌਰ ਤੇ ਸਹੀ ਹੈ ।

(C) A ਸਹੀ ਹੈ, R ਗਲਤ ਹੈ ।

(D) A ਅਤੇ R ਆਂਸ਼ਿਕ ਤੌਰ ਤੇ ਸਹੀ ਹਨ ।

27. ਮਨੋਵਿਗਿਆਨਕ ਪ੍ਰਣਾਲੀ ਦੇ ਚਿੰਤਕ ਹਨ :

(A) ਫਰਾਇਡ, ਲਾਕਾਂ, ਅਲਤਿਊਸਰ

(B) ਫਰਾਇਡ, ਲਾਕਾਂ, ਪਾਵਲੋਵ

(C) ਫਰਾਇਡ, ਯੁੰਗ, ਜੇਮਸਨ

(D) ਫਰਾਇਡ, ਯੁੰਗ, ਅੰਬਰਟੋ ਈਕੋ

28. ਪੰਜਾਬੀ ਸਾਹਿਤ ਦੀ ਅਕਾਦਮਿਕ ਇਤਿਹਾਸਕਾਰੀ ਦਾ ਮੋਢੀ ਸੀ

(A) ਮੋਹਨ ਸਿੰਘ ਦੀਵਾਨਾ

(B) ਗੋਪਾਲ ਸਿੰਘ ਦਰਦੀ

(C) ਸੰਤ ਸਿੰਘ ਸੇਖੋਂ

(D) ਹੀਰਾਸਿੰਘ ਦਰਦ

29. ਨਾਨਕ ਸਿੰਘ ਦਾ ਪਹਿਲਾ ਨਾਵਲ ਸੀ

(A) ਪਿਆਰ ਦੀ ਦੁਨੀਆਂ

(B) ਪਵਿਤਰ ਪਾਪੀ

(C) ਚਿੱਟਾ ਲਹੂ

(D) ਮਤਰੇਈ ਮਾਂ

30. ਕਿਹੜਾ ਜੁੱਟ ਸਹੀ ਨਹੀਂ ਹੈ

(A) ਗੁਰੂ ਅਰਜਨ, ਸ਼ਾਹ ਹੁਸੈਨ : 16 ਵੀਂ ਸਦੀ

(B) ਬੁੱਲੇ ਸ਼ਾਹ, ਗੁਰੂ ਗੋਬਿੰਦ ਸਿੰਘ : 17 ਵੀਂ ਸਦੀ

(C) ਵਾਰਿਸ, ਕਾਦਰਯਾਰ : 18 ਵੀਂ ਸਦੀ

(D) ਹਾਸ਼ਮ, ਗੁਲਾਮ ਫ਼ਰੀਦ : 19 ਵੀਂ ਸਦੀ

www.prepp.in

Prepp
Your Personal Exams Guide

31.

| | ਸੂਚੀ-I | | ਸੂਚੀ-II |
|---|---|---|---|
| (a) | ਪੰਜਾਬੀ ਸਾਹਿਤ ਦਾ ਸ੍ਰੋਤਮੂਲਕ ਇਤਿਹਾਸ | 1. | ਆਈ ਸੇਰੇ ਬਰੀਆਕੋਵ |
| (b) | ਪੰਜਾਬੀ ਅਦਬ ਦੀ ਮੁਖਤਸਰ ਤਾਰੀਖ | 2. | ਬਨਾਰਸੀ ਦਾਸ ਜੈਨ |
| (c) | ਪੰਜਾਬੀ ਸਾਹਿਤ | 3. | ਮੋਹਨ ਸਿੰਘ ਦੀਵਾਨਾ |
| (d) | ਪੰਜਾਬੀ ਜ਼ੁਬਾਨ ਅਤੇ ਉਸਦਾ ਲਿਟਰੇਚਰ | 4. | ਰਤਨ ਸਿੰਘ ਜੱਗੀ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | (a) | (b) | (c) | (d) |
|---|---|---|---|---|
| (A) | 4 | 3 | 1 | 2 |
| (B) | 2 | 1 | 3 | 4 |
| (C) | 1 | 2 | 4 | 3 |
| (D) | 3 | 4 | 2 | 1 |

32. **ਕਥਨ A :** ਪੰਜਾਬੀ ਕਵਿਤਾ ਵਿਚ ਮਾਨਵਵਾਦੀ ਸੁਰ ਦਾ ਆਰੰਭ ਰੁਮਾਂਸਵਾਦੀ ਕਾਵਿ ਧਾਰਾ ਦੇ ਪ੍ਰਵੇਸ਼ ਨਾਲ ਹੁੰਦਾ ਹੈ । ਪਰੰਪਰਾ ਦੀ ਘੁਟਨ ਤੋਂ ਵਿਦਰੋਹ ਅਤੇ ਚੰਗੇ ਭਵਿੱਖ ਦਾ ਸੁਪਨਾ ਇਸ ਕਾਵਿ ਧਾਰਾ ਦੀ ਮੂਲ ਸ਼ਕਤੀ ਸੀ, ਜੋ ਅੱਗੇ ਜਾ ਕੇ ਰੁਮਾਂਟਿਕ ਪ੍ਰਗਤੀਵਾਦੀ ਅਤੇ ਜੁਝਾਰਵਾਦੀ ਕਾਵਿ ਧਾਰਾ ਦਾ ਵਿਚਾਰਧਾਰਕ ਸ੍ਰੋਤ ਬਣੀ ।

**ਕਾਰਨ R :** ਸੋ ਸਮਾਜਕ ਨਿਆਂ, ਆਜ਼ਾਦੀ ਅਤੇ ਬਰਾਬਰੀ ਵਾਲੇ ਸਮਾਜ ਦੀ ਸਥਾਪਨਾ ਦਾ ਆਦਰਸ਼ ਰੁਮਾਂਟਿਕ, ਪ੍ਰਗਤੀਵਾਦੀ ਅਤੇ ਜੁਝਾਰਵਾਦੀ ਕਾਵਿ-ਧਾਰਾਵਾਂ ਦਾ ਸਾਂਝਾ ਲੱਛਣ ਹੈ । ਇਸ ਲਈ ਇਨ੍ਹਾਂ ਵਿਚ ਕੋਈ ਵਿਚਾਰਧਾਰਕ ਵਿਰੋਧ ਨਹੀਂ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) A ਗਲਤ ਹੈ, R ਪੂਰੀ ਤਰ੍ਹਾਂ ਸਹੀ ਹੈ ।

(B) A ਪੂਰਾ ਸਹੀ ਹੈ, R ਗਲਤ ਹੈ ।

(C) A ਅਤੇ R ਦੋਵੇਂ ਗਲਤ ਹਨ ।

(D) A ਆਂਸ਼ਿਕ ਸਹੀ ਹੈ R ਪੂਰਾ ਸਹੀ ਹੈ ।

33. ਪੰਜਾਬੀ ਸਾਹਿਤ ਦਾ ਰੂਪ ਮੂਲਕ ਇਤਿਹਾਸ ਕਿਸ ਸੰਸਥਾ ਨੇ ਤਿਆਰ ਕਰਵਾਇਆ ਹੈ ?

(A) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

(B) ਪੰਜਾਬੀ ਸਾਹਿਤ ਅਕਾਡਮੀ, ਲੁਧਿਆਣ

(C) ਪੰਜਾਬੀ ਯੁਨੀਵਰਸਿਟੀ, ਪਟਿਆਲਾ

(D) ਪੰਜਾਬੀ ਅਕਾਦਮੀ, ਦਿੱਲੀ

**34.** ਪੰਜਾਬੀ ਵਿਚ 'ਲੋਕਯਾਨ' ਪਦ ਦੀ ਵਰਤੋਂ ਕਿਸ ਨੇ ਕੀਤੀ ?

(A) ਕਰਨੈਲ ਸਿੰਘ ਥਿੰਦ

(B) ਡਾ. ਹਰਿਭਜਨ ਸਿੰਘ

(C) ਸੋਹਿੰਦਰ ਸਿੰਘ ਵਣਜਾਰਾ ਬੇਦੀ

(D) ਦੇਵਿੰਦਰ ਸਤਿਆਰਥੀ

**35.**

| | **ਸੂਚੀ-I** | | **ਸੂਚੀ-II** |
|---|---|---|---|
| (a) | ਦੀਵਾ ਬਲੇ ਸਾਰੀ ਰਾਤ | 1. | ਸ਼ੇਰ ਸਿੰਘ ਸ਼ੇਰ |
| (b) | ਨੀਲੀ ਤੇ ਰਾਵੀ | 2. | ਦੇਵਿੰਦਰ ਸਤਿਆਰਥੀ |
| (c) | ਬਾਰ ਦੇ ਢੋਲੇ | 3. | ਸੋਹਿੰਦਰ ਸਿੰਘ ਵਣਜਾਰਾ ਬੇਦੀ |
| (d) | ਪੰਜਾਬ ਦੀ ਲੋਕਧਾਰਾ | 4. | ਕਰਤਾਰ ਸਿੰਘ ਸ਼ਮਸ਼ੇਰ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | (a) | (b) | (c) | (d) |
|---|---|---|---|---|
| (A) | 4 | 1 | 3 | 2 |
| (B) | 1 | 3 | 2 | 4 |
| (C) | 2 | 4 | 1 | 3 |
| (D) | 3 | 2 | 4 | 1 |

**36.** 'ਲੋਕ ਆਖਦੇ ਹਨ' ਪੁਸਤਕ ਦਾ ਲੇਖਕ ਹੈ

(A) ਮਹਿੰਦਰ ਸਿੰਘ ਰੰਧਾਵਾ

(B) ਦੇਵਿੰਦਰ ਸਤਿਆਰਥੀ

(C) ਸੋਹਿੰਦਰ ਸਿੰਘ ਵਣਜਾਰਾ ਬੇਦੀ

(D) ਸੁਖਦੇਵ ਮਾਦਪੁਰੀ

**37.** ਅਵਤਾਰ ਸਿੰਘ ਦਲੇਰ ਦੀ ਪੁਸਤਕ ਹੈ

(A) ਪੰਜਾਬ ਦੇ ਲੋਕ ਗੀਤ

(B) ਅੱਡੀ ਟੱਪਾ

(C) ਪੰਜਾਬ ਦੀ ਆਵਾਜ਼

(D) ਵਿਰਸੇ ਦੀ ਫੁਲਕਾਰੀ

**38.** **ਕਥਨ A :** ਲੋਕਧਾਰਾ ਦੇ ਵਿਭਿੰਨ ਅੰਗਾਂ ਦੇ ਕਈ ਪ੍ਰਕਾਰਜ ਹੁੰਦੇ ਹਨ । ਜਿਵੇਂ ਲੋਕ ਬੁਝਾਰਤਾਂ ਸਾਡੀ ਸੋਚ ਨੂੰ ਤਿੱਖਿਆਂ ਕਰਦੀਆਂ ਹਨ, ਜਾਂ ਪੁਰਾਣ ਕਥਾਵਾਂ ਸਾਨੂੰ ਵਿਹਾਰਕ ਸੂਝ ਪ੍ਰਦਾਨ ਕਰਦੀਆਂ ਹਨ ।

**ਕਾਰਨ R :** ਪਰ ਇਹ ਸਾਡੀ ਮਾਨਸਿਕਤਾ ਨੂੰ ਕੋਈ ਸੇਧ ਦੇਣ ਤੋਂ ਅਸਮੱਰਥ ਹੀ ਰਹਿ ਜਾਂਦੀ ਹੈ, ਕਿਉਂਕਿ ਵਿਸ਼ਵਾਸ ਤੇ ਅਨੁਸਠਾਨ ਹੀ ਹਰੇਕ ਪੱਖ ਦਾ ਨਿਸਚੈ ਕਰਦੇ ਹਨ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) A ਗਲਤ ਹੈ, R ਸਹੀ ਹੈ ।

(B) A ਅਤੇ R ਦੋਵੇਂ ਸਹੀ ਹਨ ।

(C) A ਆਂਸ਼ਿਕ ਸਹੀ ਹੈ, R ਗਲਤ ਹੈ ।

(D) A ਸਹੀ ਹੈ, R ਗਲਤ ਹੈ ।

**39.** ਪੰਜਾਬੀ ਲੋਕ-ਨਾਟਕ ਦੇ ਰੂਪ ਹਨ

(A) ਨਕਲ, ਸਵਾਂਗ, ਰਾਸ

(B) ਖਿਉੜੇ, ਰਾਸਲੀਲ੍ਹਾ, ਖਿਆਲ

(C) ਰਾਮ ਲਿਲ੍ਹਾ, ਸਾਲ, ਯਾਤਰਾ

(D) ਨੌਟੰਕੀ, ਤਮਾਸ਼ਾ, ਪ੍ਰਹਸਨ

**40.** ਮਿੱਥ ਦਾ ਕਾਰਜ ਹੈ

(A) ਵਿਸ਼ਵਾਸ਼ਾਂ ਦੀ ਵਿਆਖਿਆ ਅਕੇ ਕੋਡ-ਸਿਰਜਨ

(B) ਨੈਤਿਕ ਵਿਹਾਰ ਅਤੇ ਸੁਰੱਖਿਅਤਾ

(C) ਅਨੁਸ਼ਠਾਨ ਕੁਸ਼ਲਤਾ

(D) ਉਪਰੋਕਤ ਸਾਰੇ ਹੀ

**41.** ਸਭਿਆਚਾਰ ਦਾ ਕਿਸ ਵਿਸ਼ੇ ਨਾਲ ਵਧੇਰੇ ਸੰਬੰਧ ਹੈ

(A) ਧਰਮ

(B) ਮਾਨਵ-ਵਿਗਿਆਨ

(C) ਇਤਿਹਾਸ

(D) ਭਾਸ਼ਾ ਵਿਗਿਆਨ

**42.** ਸਭਿਆਚਾਰ ਵਿਗਿਆਨ ਵਿਚ ਕਿਸ ਉਪਰ ਬਲ ਹੈ ?

(A) ਸਭਿਆਚਾਰਕ ਭਿੰਨਤਾ ਦੀ ਪ੍ਰਤਿਨਿਧਤਾ

(B) ਸਭਿਆਚਾਰਾਂ ਦੇ ਪ੍ਰਤਿਮਾਨ

(C) ਸਭਿਆਚਾਰ ਦੇ ਸਾਮਨਯ ਪੱਖ

(D) ਸਭਿਆਚਾਰਾਂ ਦੀ ਨਿਸ਼ਾਨਦੇਹੀ

**43.**

| | **ਸੂਚੀ-I** | | **ਸੂਚੀ-II** |
|---|---|---|---|
| (a) | ਮਾਘੀ ਦਾ ਮੇਲਾ | 1. | ਜਰਗ ਦਾ ਮੇਲਾ |
| (b) | ਗੁੱਗਾ ਨੌਮੀ ਨਾਲ ਸੰਬੰਧਤ | 2. | ਆਨੰਦਪੁਰ ਸਾਹਿਬ |
| (c) | ਸੀਤਲਾ ਮਾਤਾ ਨਾਲ ਸੰਬੰਧਤ | 3. | ਛਪਾਰ ਦਾ ਮੇਲਾ |
| (d) | ਹੋਲੇ ਮਹੱਲੇ ਦਾ ਮੇਲਾ | 4. | ਮੁਕਤਸਰ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | (a) | (b) | (c) | (d) |
|---|---|---|---|---|
| (A) | 4 | 3 | 1 | 2 |
| (B) | 1 | 2 | 4 | 3 |
| (C) | 3 | 1 | 2 | 4 |
| (D) | 2 | 4 | 3 | 1 |

Prepp
Your Personal Exams Guide

44. **ਕਥਨ A :** ਸਭਿਆਚਾਰ ਅਤੇ ਸਭਿਅਤਾ ਦੇ ਸੰਕਲਪਾਂ ਦਾ ਸੰਬੰਧ ਲੋਕ ਵਿਹਾਰ ਅਤੇ ਲੋਕ-ਮਾਨਸਿਕਤਾ ਨਾਲ ਹੈ । ਇਸ ਦੇ ਬਾਵਜੂਦ ਕੁਝ ਵਿਦਵਾਨ ਇਨ੍ਹਾਂ ਵਿਚ ਨਿਖੇੜ ਕਰਨ ਦਾ ਯਤਨ ਕਰਦੇ ਹਨ । ਪਰ ਵਾਸਤਕ ਵਿਚ ਇਹ ਅਭਿੰਨ ਹਨ ।

**ਕਾਰਨ R :** ਸਭਿਆਚਾਰ ਦਾ ਖੇਤਰ ਲੋਕ-ਜੀਵਨ ਦੇ ਵਿਭਿੰਨ ਪਰਿਲੂਆਂ ਨਾਲ ਜੁੜਿਆ ਹੈ, ਜਿਵੇਂ ਲੋਕ-ਵਿਸ਼ਵਾਸ, ਰਸਮੋ-ਰਿਵਾਜ ਅਤੇ ਅਨੁਸ਼ਠਾਨ ਆਦਿ । ਜਦ ਕਿ ਸਭਿਅਤਾ ਮੁਖ ਰੂਪ ਵਿਚ ਮਨੁੱਖੀ ਸਮਾਜ ਦੇ ਭੌਤਿਕ ਅਤੇ ਪਦਾਰਥਕ ਵਿਕਾਸ ਨਾਲ ਸੰਬੰਧਤ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) A ਆਂਸ਼ਿਕ ਸਹੀ ਹੈ, R ਗਲਤ ਹੈ ।

(B) A ਗਲਤ ਹੈ, R ਆਂਸ਼ਿਕ ਸਹੀ ਹੈ ।

(C) A ਗਲਤ ਹੈ, R ਸਹੀ ਹੈ ।

(D) A ਅਤੇ R ਦੋਵੇਂ ਗਲਤ ਹਨ ।

45. ਪੰਜਾਬ ਦੀ ਲੋਕ-ਖੇਡਾਂ ਹਨ

(A) ਕੁਸ਼ਤੀ, ਗੁੱਲੀ ਡੰਡਾ, ਹਾਕੀ

(B) ਕਬੱਡੀ, ਖਿੱਦੋ ਖੂੰਡੀ, ਅੱਡੀ ਟੱਪਾ

(C) ਸੌਂਚੀ ਪੱਤੀ, ਫੁੱਟਬਾਲ, ਲੁਕਣਮੀਟੀ

(D) ਥਾਲ, ਭੰਡਾ-ਭੰਡਾਰੀਆ, ਵਾਲੀਵਾਲ

46. ਪੰਜਾਬੀ ਸਭਿਆਚਾਰ ਦਾ ਪ੍ਰਮੁੱਖ ਪਛਾਣ-ਚਿੰਨ੍ਹ ਹੈ

(A) ਸਭਿਆਚਾਰਾਂ ਦੀ ਭਿੰਨਤਾ

(B) ਸਭਿਆਚਾਰਾਂ ਦਾ ਟਕਰਾਉ

(C) ਸਭਿਆਚਾਰਾਂ ਦਾ ਆਕਰਮਣ

(D) ਵਿਭਿੰਨ ਸਭਿਆਚਾਰਾਂ ਦਾ ਸੁਮੇਲ

47. ਸਾਹਿਤਕ ਖੋਜ ਦਾ ਪ੍ਰਯੋਜਨ ਹੈ

(A) ਨਵੇਂ ਤੱਥਾਂ ਦੀ ਖੋਜ

(B) ਪ੍ਰਾਪਤ ਤੱਥਾਂ ਦੀ ਨਵ-ਵਿਆਖਿਆ

(C) ਖੋਜ ਸਾਮੱਗਰੀ ਦੀ ਭਾਲ

(D) ਉਪਰੋਕਤ ਸਾਰੇ ਸਹੀ ਹਨ

48. ਪੰਜਾਬੀ ਆਲੋਚਕਾਂ ਦਾ ਸਹੀ ਜੁੱਟ ਹੈ

(A) ਮੋਹਨ ਸਿੰਘ ਦੀਵਾਨਾ, ਸੁਰਿੰਦਰ ਸਿੰਘ ਕੋਹਲੀ, ਹਰਨਾਮ ਸਿੰਘ ਸ਼ਾਨ

(B) ਸੰਤ ਸਿੰਘ ਸੇਖੋਂ, ਅਤਰ ਸਿੰਘ, ਹਰਿਭਜਨ ਸਿੰਘ

(C) ਸ਼ਮਸ਼ੇਰ ਸਿੰਘ ਅਸ਼ੋਕ, ਪਿਆਰਾ ਸਿੰਘ ਪਦਮ, ਪ੍ਰੋ. ਜੁਗਿੰਦਰ ਸਿੰਘ

(D) ਕਿਰਪਾਲ ਸਿੰਘ ਕਸੇਲ, ਜੀਤਸਿੰਘ ਸੀਤਲ, ਗੁਲਵੰਤ ਸਿੰਘ

49. **ਕਥਨ A :** ਪੰਜਾਬੀ ਵਿਚ ਖੋਜ ਕਾਰਜ ਦਾ ਆਰੰਭ ਬਹੁਤ ਪੱਛੜ ਕੇ 20 ਵੀਂ ਸਦੀ ਮੁੱਢ ਵਿਚ ਹੀ ਹੋਇਆ । ਪਰ ਇਸ ਕਮੀ ਨੂੰ ਪੰਜਾਬੀ ਦੇ ਪ੍ਰਬੰਧ ਅਤੇ ਨਿਸ਼ਠਾਵਾਨ ਖੋਜਕਾਰਾਂ ਨੇ ਛੇਤੀ ਹੀ ਪੂਰਿਆਂ ਕਰ ਦਿੱਤਾ ਅਤੇ ਖੋਜ ਵਿਚ ਚੋਖਾ ਵਿਕਾਸ ਲਿਆਂਦਾ ।

**ਕਾਰਨ R :** ਪਰ ਆਧੁਨਿਕ ਪੰਜਾਬੀ ਖੋਜ ਦਾ ਉਹ ਮਿਆਰ ਨਹੀਂ ਰਿਹਾ ਭਾਵੇਂ ਕਿ ਕੰਪਿਊਟਰ ਅਤੇ ਹੋਰ ਵਿਗਿਆਨਕ ਉਪਕਰਣਾਂ ਦੀਆਂ ਸਹੂਲਤਾਂ ਵਧ ਗਈਆਂ ਹਨ । ਨਵੀਂ ਪੀੜ੍ਹੀ ਵਿਚ ਤਾਂ ਖਾਸ ਤੌਰ ਤੇ ਖੋਜ ਦੇ ਮਿਆਰ ਨੂੰ ਕਾਇਮ ਰੱਖਣਾ ਮੁਸ਼ਕਿਲ ਬਣਿਆ ਹੋਇਆ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) A ਅਤੇ R ਦੋਵੇਂ ਸਹੀ ਹੈ ।

(B) A ਸਹੀ ਹੈ, R ਗਲਤ ਹੈ ।

(C) A ਗਲਤ ਹੈ, R ਸਹੀ ਹੈ ।

(D) A ਅਤੇ R ਦੋਵੇਂ ਗਲਤ ਹਨ ।

50.

| | ਸੂਚੀ-I | | ਸੂਚੀ-II |
|---|---|---|---|
| (a) | ਖੁਲ੍ਹੇ ਲੇਖ | 1. | ਗੁਲਵੰਤ ਸਿੰਘ |
| (b) | ਗੁਰਮਤਿ ਨਿਰਣਯ | 2. | ਪੂਰਨ ਸਿੰਘ |
| (c) | ਗੁਰਸ਼ਬਦ ਰਤਨਾਕਰ | 3. | ਭਾਈ ਜੋਧ ਸਿੰਘ |
| (d) | ਇਸਲਾਮ ਅਤੇ ਸੂਫੀਵਾਦ | 4. | ਕਾਨ੍ਹ ਸਿੰਘ ਨਾਭਾ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | (a) | (b) | (c) | (d) |
|---|---|---|---|---|
| (A) | 4 | 1 | 2 | 3 |
| (B) | 3 | 2 | 1 | 4 |
| (C) | 2 | 3 | 4 | 1 |
| (D) | 1 | 4 | 3 | 2 |

Prepp
Your Personal Exams Guide

**Space For Rough Work**

Prepp
Your Personal Exam Guide